# ਭਾਅ ਜੀ ਗੁਰਸ਼ਰਨ ਸਿੰਘ ਦੀ ਯਾਦ ਵਿਚ

ਮਲੂਕ ਸਿੰਘ ਕਾਹਲੋਂ

ਸਾਡੇ ਸਮੇਂ ਦਾ ਸਾਹ ਸਵਾਰ ਭਾਅ ਜੀ
ਰੰਗਮੰਚ ਦਾ ਮਹਾਂ ਕਲਾਕਾਰ ਭਾਅ ਜੀ।

ਪੈਸੇ, ਪਦਵੀ, ਪ੍ਰਸਿੱਧੀ ਨੂੰ ਲੋਕ ਤਰਸਣ
ਕੀਤਾ ਤਿੰਨਾਂ ਨੂੰ ਦਰਕਿਨਾਰ ਭਾਅ ਜੀ।

ਸੱਚੀ, ਸਿੱਧੀ-ਸਪਸ਼ਟ ਸੀ ਗੱਲ ਕਰਦਾ
ਆਮ ਆਦਮੀ ਦਾ ਤਰਫ਼ਦਾਰ ਭਾਅ ਜੀ।

ਡੌਲੇ ਫਰਕਣ, ਅੱਖੀਆਂ 'ਚ ਅੰਗਾਰ
ਜਾਨ ਰੱਖ ਹਥੇਲੀ ਕਰੇ ਪ੍ਰਚਾਰ ਭਾਅ ਜੀ।

ਰਾਹ ਦਰਿਆਵਾਂ ਦੇ ਮੋੜਨੇ ਜਾਣਦਾ ਸੀ
ਤਾਂਹੀਓਂ ਆਖਦੇ ਲੋਕ ਫ਼ਨਕਾਰ ਭਾਅ ਜੀ।

ਉਹਦੇ ਮੱਥੇ 'ਚ ਸੂਰਜ ਚਮਕਦਾ ਸੀ
ਦੇਸ਼ ਭਗਤਾਂ ਦਾ ਸੀ ਰਾਜ਼ਦਾਰ ਭਾਅ ਜੀ।

ਯੋਧਾ ਲੋਕਾਂ ਲਈ ਜੂਝਿਆ ਉਮਰ ਭਰ
ਗਦਰੀ ਬਾਬਿਆਂ ਦਾ ਪੈਰੋਕਾਰ ਭਾਅ ਜੀ।

ਮਹਾਂਨਾਇਕ ਦੇ ਕੀਤੇ ਨੂੰ ਭੁੱਲਿਓ ਨਾ
ਕਿਤੇ ਦੇਵਿਓ ਨਾ ਵਿਸਾਰ ਭਾਅ ਜੀ।

ਪੂਰਾ ਕਰਨ ਦਾ ਆਓ ਪ੍ਰਣ ਕਰੀਏ
ਛੱਡ ਗਿਆ ਜੋ "ਮਲੂਕ" ਕੰਮ-ਕਾਰ ਭਾਅ ਜੀ।

(ਬਰੈਂਪਟਨ)
001-905-872-1841